# 21
# ਸਲੀਬ ਦੀ ਕਸ਼ਿਸ਼

## 1 ਕੁਰਿੰਥੀਆਂ 1:18; ਗਲਾਤੀਆਂ 6:14

*''ਅਰ ਮੈਂ ਜੇ ਧਰਤੀ ਉੱਤੇ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ'' (ਯੂਹੰਨ12:32)।*

ਸਲੀਬ ਸਾਨੂੰ ਇੰਨੀ ਦਿਲਕਸ਼ ਕਿਉਂ ਲਗਦੀ ਹੈ?

ਇਹ ਸਾਡੀ ਸਮਝ ਨੂੰ ਖਿੱਚਦੀ ਹੈ। ਮਸੀਹੀਅਤ ਦੀ ਹੋਂਦ ਇਤਿਹਾਸ ਦੀ ਘਟਨਾ ਨਾਲ ਹੋਈ। ਇਹਨੂੰ ਇਕ ਵਿਚਾਰ, ਫ਼ਲਸਫ਼ਾ ਜਾਂ ਕਥਨ ਨਹੀ ਕਿਹਾ ਜਾ ਸਕਦਾ। ਇਹ ਇਕ ਸ਼ਖ਼ਸ (ਯਿਸੂ ਮਸੀਹ) ਹੈ। ਇਹ ਖ਼ੁਦਾ ਦੀ ਗੱਲ ਹੀ ਨਹੀਂ ਹੈ, ਬਲਕਿ ਖ਼ੁਦਾ ਦਾ ਕੰਮ ਵੀ ਹੈ।

ਦੁਨਿਆਵੀ ਮਾਪਦੰਡ ਮੁਤਾਬਿਕ ਮਸੀਹ ਦੀ ਜ਼ਿਦੰਗੀ ਇਕ ਅਸਫਲਤਾ ਸੀ। ਰੋਮ ਅਤੇ ਯਰੂਸ਼ਲਮ ਨੂੰ ਕੋਈ ਫ਼ਰਕ ਨਹੀਂ ਪਿਆ ਸੀ, ਸੁਰਗ 'ਤੇ ਉਠਾਏ ਜਾਣ ਵੇਲੇ ਯਿਸੂ ਨੇ ਯਰੂਸ਼ਲਮ ਵਿਚ ਪ੍ਰਮੇਸ਼ਵਰ ਦਾ ਭੈ ਮੰਨਣ ਵਾਲੇ ਸਿਰਫ਼ 120 ਚੇਲਿਆਂ ਨੂੰ ਛੱਡਿਆ (ਰਸੂਲਾਂ ਦੇ ਕੰਮ 1:11-15)। ਉਹ ਗੁਮਨਾਮ, ਭੁੱਖੇ-ਨੰਗੇ ਅਤੇ ਬਗੈਰ ਸਿਆਸੀ ਸ਼ਕਤੀ ਦੇ ਸਨ (ਰਸੂਲਾਂ ਦੇ ਕੰਮ 4:13)। ਪਰ ਪੈਂਟੀਕਾਸਟ ਵਾਲੇ ਦਿਨ ਪਤਰਸ ਅਤੇ ਹੋਰਨਾਂ ਰਸੂਲਾਂ ਦੇ ਪ੍ਰਚਾਰ ਨਾਲ ਤਿੰਨ ਹਜ਼ਾਰ ਦੇ ਕਰੀਬ ਲੋਕਾਂ ਨੇ ਬਪਤਿਸਮਾ ਲਿਆ ਸੀ। ਇਸ ਉੱਤੇ ਵਿਚਾਰ ਕਰਨ ਵਾਲਾ ਹਰ ਬੰਦਾ ਇਹੀ ਨਿਚੋੜ ਕੱਢੇਗਾ ਕਿ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਯਿਸੂ ਦਾ ਸਾਡੇ ਲਈ ਮਰਨਾ ਹੈ। ਖ਼ੁਦਾ, ਜਿਹਨੇ ਸਾਨੂੰ ਬਣਾਇਆ ਆਪਣੇ ਪੁੱਤਰ ਵਿਚ ਸਾਡੇ ਵਰਗਾ ਬਣ ਗਿਆ। ਧਰਤੀ ਤੇ ਸਾਡੇ ਨਾਲ ਰਿਹਾ ਅਤੇ ਆਪਣੇ ਮੋਢਿਆ 'ਤੇ ਸਲੀਬ ਚੁੱਕ ਕੇ ਉਹਨੇ ਸਾਡੇ ਪਾਪ ਸਲੀਬ ਤੇ ਲੈ ਗਿਆ! ਕਿੰਨਾ ਵੱਡਾ ਫ਼ਜ਼ਲ ਹੈ!

ਧਰਤੀ 'ਤੇ ਮਸੀਹ ਦੀ ਸਲੀਬ ਨਾਲੋਂ ਸ਼ਕਤੀਸ਼ਾਲੀ ਹੋਰ ਕੋਈ ਨਹੀਂ ਹੈ। ਸੱਭਿਅਤਾਵਾਂ ਵਿਚ ਸਲੀਬ ਦੇ ਬਗੈਰ ਮਸੀਹ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਾਨਵਤਾਵਾਦ ਬਗੈਰ ਸਲੀਬ ਦੇ ਮਸੀਹ ਨੂੰ ਪੇਸ਼ ਕਰਦੀ ਹੈ। ਇਕ ਤਾਂ ਕੁਰਬਾਨੀ ਬਗੈਰ ਧਰਮ ਦੇ ਹੈ ਅਤੇ ਦੂਜਾ ਧਰਮ ਬਗੈਰ ਕੁਰਬਾਨੀ ਦੇ। ਦੋਵੇਂ ਹੀ ਨਾਕਾਮ ਹਨ!

*ਸਲੀਬ ਸਾਡੀਆਂ ਡੂੰਘੀਆਂ ਭਾਵਨਾਵਾਂ ਨੂੰ ਕਸ਼ਿਸ਼ ਦਿੰਦੀ ਹੈ।* ਸਲੀਬ 'ਤੇ ਯਿਸੂ ਦਾ ਮਰਨਾ ਸਾਡੇ ਅੰਦਰ ਨੂੰ ਝੰਜੋੜਦਾ ਹੈ; ਇਹ ਮੇਰੇ ਅੰਦਰ ਅੱਗ ਲਾ ਦਿੰਦਾ ਹੈ। ਇਹਦਾ ਅਰਥ ਸਾਡੇ ਮਨਾਂ ਨੂੰ ਪਰੇਸ਼ਾਨ ਕਰਦਾ ਹੈ। ਯਿਸੂ ਨੇ ਕਿਹਾ ''ਅਰ ਮੈਂ ਜੇ ਧਰਤੀ ਉੱਤੇ ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ'' (ਯੂਹੰਨਾ 12:32)। ਸਲੀਬ ਦੀ ਚੁੰਬਕ ਲੋਕਾਂ

ਨੂੰ ਖ਼ੁਦਾ ਵੱਲ ਖਿੱਚਦੀ ਹੈ। ਜਿੰਨਾ ਤੁਸੀਂ ਇਹਦੇ ਨੇੜੇ ਆਉਂਦੇ ਹੋ ਓਨੀ ਹੀ ਇਹਦੀ ਖਿੱਚ ਵਧਦੀ ਹੈ। ਤੁਸੀਂ ਕੰਬ ਜਾਂਦੇ ਹੋ; ਤੁਸੀਂ ਪੁਕਾਰ ਉੱਠਦੇ ਹੋ; ਤੁਸੀਂ ਆਨੰਦਿਤ ਹੁੰਦੇ ਹੋ! ਸਲੀਬ 'ਤੇ ਵਿਚਾਰ ਜਾਂ ਇਸ ਨੂੰ ਗ੍ਰਹਿਣ ਕਰਨ ਲਈ ਜਨੂਨ ਜ਼ਰੂਰੀ ਹੈ। ਮੁਕਤੀ ਦੁਕਾਨ ਤੋਂ ਲਿਆ ਜਾਣ ਵਾਲਾ ਸੌਦਾ ਨਹੀਂ ਹੈ। ਤੁਹਾਡੇ ਅੰਦਰ ਉਹੀ ਭਾਵਨਾ, ਹਮਦਰਦੀ, ਗੁੱਸਾ ਅਤੇ ਖ਼ੁਸ਼ੀ ਆਪਣੇ ਆਪ ਆ ਜਾਂਦੀ ਹੈ। ਹਰ ਦਿਨ ਕੁਝ ਨਵਾਂ ਵੱਖਰਾ ਅਤੇ ਦਿਲ-ਟੁੰਬਵਾਂ ਹੁੰਦਾ ਹੈ ਜੋ ਇਸੇ ਵਿੱਚੋਂ ਨਿੱਕਲਦਾ ਹੈ।

*ਸਲੀਬ ਸਾਡੀ ਮਨੁੱਖੀ ਵਡਿਆਈ ਨੂੰ ਖਿੱਚਦੀ ਹੈ।* ਸਰਬਸ਼ਕਤੀਮਾਨ ਪ੍ਰਮੇਸ਼ਵਰ ਜ਼ਬਰਦਰਤੀ ਕਰ ਸਕਦਾ ਸੀ; ਪਰ ਉਹ ਮੌਕਾ ਦਿੰਦਾ ਹੈ। ਖ਼ੁਦਾ ਦਬਕੇ ਨਾਲ ਕੁਝ ਨਹੀਂ ਕਰਵਾਉਂਦਾ। ਯਿਸੂ ਲੋਕਾਂ ਨੂੰ ਖ਼ੁਦਾ ਵੱਲ ਖਿੱਚਦਾ ਹੈ, ਹੱਕਦਾ ਨਹੀਂ (ਯੂਹੰਨਾ 6:44-47)। ਸਲੀਬ ਲੋਕਾਂ ਨੂੰ ਧੱਕਦੀ, ਧਮਕਾਉਂਦੀ, ਜਾਂ ਉਨ੍ਹਾਂ ਨਾਲ ਚਲਾਕੀ ਨਹੀਂ ਖੇਡਦੀ। ਪੌਲੁਸ ਨੇ ਯਿਸੂ ਦੇ ਧਰਤੀ ਉਤਲੇ ਜੀਵਨ ਨੂੰ ''ਭਗਤੀ ਦਾ ਭੇਤ'' ਕਿਹਾ (1 ਤਿਮੋਥਿਉਸ 3:16)। ਕੋਈ ''ਪੁਰਾਣ ਕਥਾ'' ਆਦਮੀ ਨੂੰ ਬਦਲ ਨਹੀਂ ਸਕਦੀ। ਯਿਸੂ ਲੋਕਾਂ ਨੂੰ ਬਦਲਦਾ ਹੈ। ਉਹਦਾ ਪਿਆਰ ਲੋਕਾਂ ਨੂੰ ਬਦਲਦਾ ਹੈ। ਉਹਨੇ ਸਾਨੂੰ ਐਨਾ ਪਿਆਰ ਕੀਤਾ ਕਿ ਸਾਡੇ ਬਦਲੇ ਆਪਣੀ ਜਾਨ ਵੀ ਦੇ ਦਿੱਤੀ ਤਾਂ ਜੋ ਅਸੀਂ ਹਮੇਸ਼ਾ ਤਕ ਉਹਦੇ ਨਾਲ ਰਹਿ ਸਕੀਏ, ਪਰ ਇਹਦਾ ਫ਼ੈਸਲਾ ਲੈਣ ਦਾ ਹੱਕ ਉਹ ਸਾਨੂੰ ਦਿੰਦਾ ਹੈ।

*ਸਲੀਬ ਨੈਤਿਕ ਜ਼ਿੰਮੇਵਾਰੀ ਦੇ ਸਾਡੇ ਅਹਿਸਾਸ ਨੂੰ ਖਿੱਚਦੀ ਹੈ।* ਸਲੀਬ ਦੁਨੀਆਂ 'ਚੋਂ ਸਭ ''ਮਨਫ਼ੀ'' ਚੀਜ਼ਾਂ ਲਈ ਖ਼ੁਦਾ ਦਾ ''ਜਮ੍ਹਾ'' ਦਾ ਨਿਸ਼ਾਨ ਹੈ। ਇਹਦੇ ਕਦਮਾਂ 'ਚ ਆ ਕੇ ਉਦਾਸੀਨ ਨਹੀਂ ਰਿਹਾ ਜਾ ਸਕਦਾ। ਸਾਜ਼ਸ਼ੀ ਕਾਇਫ਼ਾ, ਬੁਜ਼ਦਿਲ ਪਿਲਾਤੁਸ ਅਤੇ ਸਖ਼ਤ ਦਿਲ ਹੈਰੋਦੇਸ ਦਾ ਫ਼ੈਸਲਾ ਇਤਿਹਾਸ ਨੇ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਜਿੱਤ ਕਿਹਦੀ ਹੋਈ? ਯਿਸੂ ਮਸੀਹ ਦੀ! ਉਹ ਸਾਨੂੰ ਆਪਣੀ ਫ਼ਤਹਿ ਵਿਚ ਸ਼ਾਮਿਲ ਹੋਣ ਅਤੇ ਹੋਰਨਾਂ ਨੂੰ ਆਪਣੇ ਨਾਲ ਰਲਾਉਣ ਲਈ ਸੱਦਾ ਦਿੰਦਾ ਹੈ। ਸਲੀਬ ਦਾ ਕੋਈ ਸਿਰਾ ਨਹੀਂ ਹੈ। ਇਹ ਦੂਜਿਆਂ ਨੂੰ ਦਿੱਤੀ ਜਾਣੀ ਜ਼ਰੂਰੀ ਹੈ। ਕਿਉਂਕਿ ਕਿਸੇ ਨੂੰ ਦੇਣ ਵਾਲੀ ਅਸਲ ਚੀਜ਼ ਇਹੀ ਹੈ। ਸਾਡੇ ਕੀਤੇ ਕਿਸੇ ਵੀ ਕੰਮ ਦਾ ਲੰਮੇ ਸਮੇਂ ਵਿਚ ਕੋਈ ਫ਼ਾਇਦਾ ਨਹੀਂ ਹੈ! ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਪਾਪੀ ਸਲੀਬ ਦੇ ਬਿਨਾਂ ਕਿਸੇ ਹੋਰ ਦੇ ਰਾਹੀਂ ਵਡਿਆਈ ਪਾਉਣ।

ਸਲੀਬ ਦੀ ਕਹਾਣੀ ਹੁਣ ਤਕ ਦੀ ਬੇਹਤਰੀਨ ਕਹਾਣੀ ਹੈ। ਇਸ ਵਿਚ ਸਭ ਤੋਂ ਸਹੀ, ਸਭ ਤੋਂ ਗਹਿਰੀ ਅਤੇ ਸਭ ਤੋਂ ਸ਼ੁੱਧ ਕਸ਼ਿਸ਼ ਹੈ!

*ਸਲੀਬ ...*
*ਹੋਰ ਰਾਹ ਹੀ ਨਹੀਂ!*